# ਉੱਦਮੀਆਂ ਨੂੰ ਭੇਡ, ਬੱਕਰੀ ਪਾਲਣ ਵੱਲ ਕਦਮ ਵਧਾਉਣ ਲਈ ਐਨ ਐਲ ਐਮ ਕਰੇ ਮਦਦ

ਪਸ਼ੂ ਪਾਲਣ ਦੇ ਦਾਇਰੇ ਦਾ ਵਿਸਤਾਰ ਕਰਕੇ ਉੱਦਮੀ ਹੁਨਰ ਨੂੰ ਉਤਸ਼ਾਹਿਤ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ, ਭਾਰਤ ਸਰਕਾਰ ਦਾ ਰਾਸ਼ਟਰੀ ਪਸ਼ੂ ਧਨ ਮਿਸ਼ਨ (ਐਨ ਐਲ ਐਮ) ਪਸ਼ੂਆਂ ਅਤੇ ਮੁਰਗੀਆਂ ਦੀ ਨਸਲ ਦੇ ਵਿਕਾਸ ਲਈ ਇੱਕ ਸਕੀਮ ਚਲਾ ਰਿਹਾ ਹੈ। ਇਸ ਵਿੱਚ ਪੂੰਜੀ ਲਾਗਤ ਦੇ 50% ਤੱਕ (50 ਲੱਖ ਰੁਪਏ ਤੱਕ ਸੀਮਤ) ਸਬਸਿਡੀ ਪ੍ਰਦਾਨ ਕਰਕੇ ਵਪਾਰਕ ਪੱਧਰ 'ਤੇ ਭੇਡ ਅਤੇ ਬੱਕਰੀ ਪਾਲਣ ਲਈ ਉੱਦਮੀਆਂ ਦੀ ਮਦਦ ਕਰਨਾ ਸ਼ਾਮਲ ਹੈ।

ਪਸ਼ੂਧਨ ਅਤੇ ਮੁਰਗੀ ਪਾਲਣ ਦੇ ਨਸਲ ਵਿਕਾਸ ਉਪ-ਮਿਸ਼ਨ ਦੇ ਤਹਿਤ, ਐਨ ਐਲ ਐਮ ਦਾ ਉਦੇਸ਼ ਅਸੰਗਠਿਤ ਖੇਤਰ ਵਿੱਚ ਉਪਲਬਧ ਉਪਜ ਲਈ ਅੱਗੇ ਅਤੇ ਪਿੱਛੇ ਦੀਆਂ ਵਪਾਰਕ ਕੜੀਆਂ ਬਣਾਉਣ ਅਤੇ ਇਸਨੂੰ ਸੰਗਠਿਤ ਖੇਤਰ ਨਾਲ ਜੋੜਨ ਲਈ ਉੱਦਮੀ ਨੂੰ ਵਿਕਸਤ ਕਰਨਾ ਹੈ।

ਇਹ ਸਕੀਮ 2021-22 ਵਿੱਤੀ ਸਾਲ ਵਿੱਚ ਪੂਰੇ ਭਾਰਤ ਵਿੱਚ ਲਾਗੂ ਕੀਤੀ ਗਈ ਸੀ। ਇਹ ਸਕੀਮ ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

### ਸਕੀਮ ਦੇ ਉਦੇਸ਼

- ਛੋਟੇ ਉਗਾਲੀ ਕਰਨ ਵਾਲੇ ਖੇਤਰ ਵਿੱਚ ਉੱਦਮੀਆਂ ਨੂੰ ਵਿਕਸਤ ਕਰਨਾ।
- ਭੇਡਾਂ ਅਤੇ ਬੱਕਰੀਆਂ 'ਤੇ ਇੱਕ ਟਿਕਾਊ ਵਪਾਰਕ ਮਾਡਲ ਵਿਕਸਿਤ ਕਰਨਾ।

- ਏਕੀਕ੍ਰਿਤ ਪੇਂਡੂ ਭੇਡ-ਬੱਕਰੀ ਉਤਪਾਦਨ ਪ੍ਰਣਾਲੀ ਦੇ ਵਿਕਾਸ ਲਈ ਨਿਜੀ ਵਿਅਕਤੀਆਂ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਉਤਸ਼ਾਹਿਤ ਕਰਨਾ।
- ਉੱਦਮਤਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਫਾਰਵਰਡ-ਬੈਕਵਰਡ ਲਿੰਕੇਜ (ਅੱਗੇ-ਪਿੱਛੇ ਦੀ ਕੜੀ) ਦੀ ਸਿਰਜਣਾ ਰਾਹੀਂ ਛੋਟੇ ਉਗਾਲੀ ਵਾਲੇ ਖੇਤਰ ਨੂੰ ਅਸੰਗਠਿਤ ਤੋਂ ਸੰਗਠਿਤ ਖੇਤਰ ਵਿੱਚ ਬਦਲਣਾ।
- ਵਿਗਿਆਨਕ ਪਾਲਣ-ਪੋਸ਼ਣ ਦੇ ਅਭਿਆਸ, ਪੋਸ਼ਣ ਅਤੇ ਬਿਮਾਰੀਆਂ ਦੀ ਰੋਕਥਾਮ ਆਦਿ ਬਾਰੇ ਜਾਗਰੂਕਤਾ ਫੈਲਾਉਣਾ।
- ਭੇਡ ਅਤੇ ਬੱਕਰੀ ਪਾਲਣ ਦੇ ਸਟਾਲ-ਫੀਡਿੰਗ ਮਾਡਲ ਨੂੰ ਉਤਸ਼ਾਹਿਤ ਕਰਨਾ।

## ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ਨਿਜੀ ਵਿਅਕਤੀਆਂ, ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹਾਂ (ਜੇ ਐਲ ਜੀ), ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਇੱਕ-ਮੁਸ਼ਤ ਪੂੰਜੀ ਸਬਸਿਡੀ ਰਾਹੀਂ ਉੱਦਮੀਆਂ ਦੀ ਸਿਰਜਣਾ।
- ਉੱਦਮੀ/ਯੋਗ ਸੰਸਥਾਵਾਂ ਘੱਟੋ-ਘੱਟ 500 ਨਰ ਅਤੇ 23 ਮਾਦਾ ਦੇ ਨਾਲ ਭੇਡ ਅਤੇ ਬੱਕਰੀ ਪਾਲਣ ਦੀਆਂ ਇਕਾਈਆਂ ਸਥਾਪਿਤ ਕਰ ਸਕਦੀਆਂ ਹਨ। ਮਿਆਰੀ ਦੁੱਧ, ਮੀਟ ਅਤੇ ਉੱਨ ਪੈਦਾ ਕਰਨ ਲਈ ਉੱਚ-ਆਨੁਵੰਸ਼ਿਕ ਨਸਲ ਦੀਆਂ ਭੇਡ ਅਤੇ ਬੱਕਰੀ ਇਕਾਈਆਂ ਸਥਾਪਿਤ ਕਰਨਾ।

- ਕੇਂਦਰ ਸਰਕਾਰ ਪ੍ਰਾਜੈੱਕਟ ਦੀ ਪੂੰਜੀ ਲਾਗਤ ਲਈ 50% ਤੱਕ ਬੈਕ-ਐਂਡਿਡ ਸਬਸਿਡੀ ਪ੍ਰਦਾਨ ਕਰੇਗੀ।
- ਉੱਦਮੀਆਂ/ਯੋਗ ਸੰਸਥਾਵਾਂ ਨੂੰ ਬੈਂਕ ਕਰਜ਼ੇ ਜਾਂ ਵਿੱਤੀ ਸੰਸਥਾ ਜਾਂ ਸਵੈ-ਵਿੱਤ ਰਾਹੀਂ ਬਾਕੀ ਰਕਮ ਦਾ ਪ੍ਰਬੰਧ ਕਰਨਾ ਹੋਵੇਗਾ।

**ਸਹਾਇਤਾ ਦੀ ਸ਼ੈਲੀ**

ਦੋ ਕਿਸ਼ਤਾਂ ਵਿੱਚ ਕੁੱਲ 50% ਪੂੰਜੀ ਸਬਸਿਡੀ (50 ਲੱਖ ਰੁਪਏ ਤੱਕ ਸੀਮਤ)। ਸਬਸਿਡੀ ਦੋ ਬਰਾਬਰ ਕਿਸ਼ਤਾਂ ਵਿੱਚ ਦਿੱਤੀ ਜਾਂਦੀ ਹੈ।

ਪਹਿਲੀ ਕਿਸ਼ਤ ਅਨੁਸੂਚਿਤ ਬੈਂਕ ਜਾਂ ਵਿੱਤੀ ਸੰਸਥਾਵਾਂ ਜਿਵੇਂ ਕਿ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨ ਸੀ ਡੀ ਸੀ) ਰਾਹੀਂ ਭਾਰਤੀ ਛੋਟੇ ਉਦਯੋਗ ਵਿਕਾਸ ਬੈਂਕ (ਸਿਡਬੀ) ਨੂੰ ਜਾਰੀ ਕੀਤੀ ਜਾਂਦੀ ਹੈ, ਜਿਹੜੀ ਕਿ ਉੱਦਮੀ/ਯੋਗ ਸੰਸਥਾਵਾਂ ਦੇ ਖਾਤੇ ਵਿੱਚ ਜਮ੍ਹਾ ਕੀਤੀ ਜਾਂਦੀ ਹੈ। ਰਾਜ ਲਾਗੂਕਰਨ ਏਜੰਸੀ (ਐਸ ਆਈ ਏ) ਵੱਲੋਂ ਪੁਸ਼ਟੀ ਹੋਣ 'ਤੇ ਬੈਂਕ ਲਾਭਪਾਤਰੀ ਨੂੰ ਕਰਜ਼ੇ ਦੀ ਪਹਿਲੀ ਕਿਸ਼ਤ ਜਾਰੀ ਕਰਦਾ ਹੈ। ਲਾਭਪਾਤਰੀ ਪ੍ਰਾਜੈੱਕਟ ਦੇ ਮੁਕੰਮਲ ਹੋਣ 'ਤੇ ਐਸ ਆਈ ਏ ਰਾਹੀਂ ਪ੍ਰਮਾਣਿਤ ਹੋਣ ਤੋਂ ਬਾਅਦ ਸਿਡਬੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਦੇ ਯੋਗ ਹੋਣਗੇ।

ਸਵੈ-ਵਿੱਤੀ ਪ੍ਰਾਜੈੱਕਟ ਦੇ ਲਈ ਪ੍ਰਾਜੈੱਕਟ ਦਾ ਬੈਂਕ ਵੱਲੋਂ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ ਜਿੱਥੇ ਉੱਦਮੀ/ਯੋਗ ਇਕਾਈ ਦਾ ਖਾਤਾ ਹੈ। 50% ਸਬਸਿਡੀ ਦੀ ਪਹਿਲੀ ਕਿਸ਼ਤ ਸਿਡਬੀ ਰਾਹੀਂ ਉਧਾਰ ਦੇਣ ਵਾਲੇ ਬੈਂਕ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਜਿੱਥੇ ਲਾਭਪਾਤਰੀ ਦਾ ਖਾਤਾ ਹੁੰਦਾ ਹੈ।

ਸਬਸਿਡੀ ਉਦੋਂ ਹੀ ਜਾਰੀ ਕੀਤੀ ਜਾਂਦੀ ਹੈ ਜਦੋਂ ਐਸ ਆਈ ਏ ਵੱਲੋਂ ਤਸਦੀਕ ਕੀਤਾ ਜਾਂਦਾ ਹੈ ਕਿ ਲਾਭਪਾਤਰੀ ਨੇ ਬੁਨਿਆਦੀ ਢਾਂਚੇ ਲਈ ਪ੍ਰਾਜੈੱਕਟ ਲਈ 25% ਲਾਗਤ ਦਾ ਖਰਚ ਕੀਤਾ ਹੈ। 50%

ਸਬਸਿਡੀ ਦੀ ਬਾਕੀ ਰਕਮ ਸਿਡਬੀ ਵੱਲੋਂ ਪ੍ਰਾਜੈਕਟ ਦੇ ਮੁਕੰਮਲ ਹੋਣ ਅਤੇ ਐਸ ਆਈ ਏ ਰਾਹੀਂ ਤਸਦੀਕ ਕਰਨ ਤੋਂ ਬਾਅਦ ਪ੍ਰਦਾਨ ਕੀਤੀ ਜਾਵੇਗੀ।

ਸਵੈ-ਵਿੱਤੀ ਮੋਡ ਵਿੱਚ ਉੱਦਮਤਾ ਪ੍ਰਾਜੈਕਟ ਦੇ ਤਹਿਤ ਲਾਭ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਉੱਦਮੀ/ਯੋਗ ਸੰਸਥਾਵਾਂ ਨੂੰ ਸਬਸਿਡੀ ਤੋਂ ਇਲਾਵਾ ਪ੍ਰਾਜੈਕਟ ਦੀ ਬਾਕੀ ਲਾਗਤ ਲਈ ਤਿੰਨ ਸਾਲਾਂ ਵਾਸਤੇ ਵੈਧ ਅਨੁਸੂਚਿਤ ਬੈਂਕ ਤੋਂ ਬੈਂਕ ਗਾਰੰਟੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਹ ਬੈਂਕ ਗਾਰੰਟੀ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੇ ਨਾਮ 'ਤੇ ਪ੍ਰਦਾਨ ਕੀਤੀ ਜਾਂਦੀ ਹੈ।

ਅਸਲ ਬੈਂਕ ਗਾਰੰਟੀ ਐਸ ਆਈ ਏ ਦੀ ਸੁਰੱਖਿਅਤ ਹਿਰਾਸਤ ਵਿੱਚ ਰੱਖੀ ਜਾਂਦੀ ਹੈ। ਨਾਲ ਹੀ, ਬੈਂਕ ਗਾਰੰਟੀ ਦੀ ਇੱਕ ਕਾਪੀ ਅਤੇ ਘੋਸ਼ਣਾ ਫਾਰਮ ਨੂੰ ਬਿਨੈ-ਪੱਤਰ ਜਮ੍ਹਾ ਕਰਨ 'ਤੇ ਔਨਲਾਈਨ ਪੋਰਟਲ ਵਿੱਚ ਅਪਲੋਡ ਕਰਨ ਜਾਂ ਅਰਜ਼ੀ ਦੇ ਨਾਲ ਨੱਥੀ ਕੀਤੇ ਜਾਣ ਦੀ ਲੋੜ ਹੈ।

ਕਾਰਜਕਾਰੀ ਪੂੰਜੀ, ਨਿੱਜੀ ਵਾਹਨ, ਜ਼ਮੀਨ ਦੀ ਖਰੀਦ, ਕਿਰਾਏ ਦੀ ਕੀਮਤ ਅਤੇ ਜ਼ਮੀਨ ਦੀ ਲੀਜ਼ ਲਈ ਕੋਈ ਸਬਸਿਡੀ ਨਹੀਂ ਦਿੱਤੀ ਜਾਂਦੀ ਹੈ।

**ਯੋਗ ਸੰਸਥਾਵਾਂ**

ਨਿਜੀ ਵਿਅਕਤੀ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ।

**ਲਾਗੂ ਕਰਨ ਵਾਲੀਆਂ ਏਜੰਸੀਆਂ**

ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦਾ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ।

## ਪ੍ਰਾਜੈੱਕਟ ਦੀ ਨਿਗਰਾਨੀ

ਐਸ ਆਈ ਐ ਇਸਦੇ ਸੰਚਾਲਨ ਦੇ ਸਬੰਧ ਵਿੱਚ ਪੂਰਾ ਹੋਣ ਤੋਂ ਬਾਅਦ ਦੋ ਸਾਲਾਂ ਦੀ ਮਿਆਦ ਲਈ ਪ੍ਰਾਜੈੱਕਟ ਦੀ ਨਿਗਰਾਨੀ ਕਰੇਗੀ।

ਸਕੀਮ ਬਾਰੇ ਪੂਰੀ ਜਾਣਕਾਰੀ ਵੈੱਬਸਾਈਟ https://nlm.udyamimitra.in 'ਤੇ ਉਪਲਬਧ ਹੈ।